## ਭੂਮਿਕਾ

ਨਾਨਕ ਸਿੰਘ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ ਜਿਸ ਦੇ ਪਾਠਕਾਂ ਦਾ ਘੇਰਾ ਬਹੁਤ ਹੀ ਵਿਸ਼ਾਲ ਰਿਹਾ ਹੈ। ਉਹ ਪਹਿਲਾ ਨਾਵਲਕਾਰ ਹੈ ਜਿਸ ਦੀ ਨਾਵਲੀ-ਚੇਤਨਾ ਬਾਰੇ ਉਸ ਦੇ ਸਮਕਾਲੀ ਤੇ ਆਧੁਨਿਕ ਲਗਭਗ ਸਾਰੇ ਸਥਾਪਿਤ ਸਾਹਿਤ-ਚਿੰਤਕਾਂ ਨੇ ਲਿਖਿਆ ਹੈ। ਉਹ ਪਹਿਲਾ ਨਾਵਲਕਾਰ ਹੈ ਜਿਸ ਦੇ ਨਾਵਲਾਂ ਦੀ ਵਸਤੂ-ਸਮੱਗਰੀ ਅਤੇ ਗਲਪੀ-ਸੰਰਚਨਾ ਦੇ ਵੱਖ ਵੱਖ ਪਹਿਲੂਆਂ ਉਤੇ ਸਾਡੇ ਲਗਭਗ ਸਾਰੇ ਨਾਵਲਕਾਰਾਂ ਨਾਲੋਂ ਵੱਧ ਖੋਜ ਹੋਈ ਹੈ ਅਤੇ ਸਭ ਤੋਂ ਵਧ ਆਲੋਚਨਾਤਮਕ ਪੁਸਤਕਾਂ ਅਤੇ ਖੋਜ-ਗ੍ਰੰਥ ਲਿਖੇ ਗਏ ਹਨ। ਤਾਂ ਵੀ ਨਾਨਕ ਸਿੰਘ ਦਾ ਗਲਪੀ-ਸੰਸਾਰ ਐਨਾ ਵੰਨ-ਸਵੰਨਾ ਤੇ ਵਿਸ਼ਾਲ ਹੈ ਅਤੇ ਉਸ ਦੀਆਂ ਬਿਰਤਾਂਤ ਜੁਗਤਾਂ ਐਨੀਆਂ ਵਿਵਿਧ ਹਨ ਕਿ ਇਨ੍ਹਾਂ ਉਤੇ ਅਜੇ ਹੋਰ ਖੋਜ-ਕਾਰਜ ਹੋ ਸਕਣ ਦੀ ਗੁੰਜਾਇਸ਼ ਹੈ।

ਨਾਨਕ ਸਿੰਘ ਦੀ ਇਕ ਹੋਰ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਵੀ ਹੈ ਕਿ ਉਸ ਦੇ ਨਾਵਲਾਂ ਨਾਲ ਪੰਜਾਬੀ ਨਾਵਲ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰਦਾ ਹੈ। ਪੰਜਾਬੀ ਨਾਵਲ ਦਾ ਆਰੰਭ ਈਸਾਈ ਮਿਸ਼ਨਰੀਆਂ ਦੇ ਅਨੁਵਾਦਿਤ ਤੇ ਰੂਪਾਂਤ੍ਰਿਤ ਨਾਵਲ ਨਾਲ ਹੁੰਦਾ ਹੈ। ਭਾਈ ਵੀਰ ਸਿੰਘ ਨੇ ਨਾਵਲ ਦੀ ਇਸ ਪ੍ਰਵਿਰਤੀ ਨੂੰ ਅੱਗੇ ਤੋਰਦੇ ਹੋਏ ਅਠਾਰਵੀਂ ਸਦੀ ਦੇ ਇਤਿਹਾਸ ਨੂੰ ਰੁਮਾਂਸ ਦਾ ਰੂਪ ਦਿਤਾ। ਇਨ੍ਹਾਂ ਦੋਵੇਂ ਤਰ੍ਹਾਂ ਦੇ ਨਾਵਲਾਂ ਦੀ ਸਾਂਝੀ ਪ੍ਰਵਿਰਤੀ ਇਨ੍ਹਾਂ ਵਿਚ ਪੇਸ਼ ਰਚਨਾ-ਦ੍ਰਿਸ਼ਟੀ ਦੀ ਸੀ, ਜਿਹੜੀ ਧਾਰਮਿਕ-ਸੰਪਰਦਾਇਕਤਾ ਵਾਲੀ ਸੰਕੀਰਣ ਸੋਚ ਨਾਲ ਪਰਨਾਈ ਸੀ। ਨਾਨਕ ਸਿੰਘ ਦੇ ਹੱਥਾਂ ਵਿਚ ਆ ਕੇ ਪੰਜਾਬੀ ਨਾਵਲ ਧਾਰਮਿਕ-ਸੰਪਰਦਾਇਕਤਾ ਵਾਲੀ ਸੌੜੀ ਪ੍ਰਵਿਰਤੀ ਦਾ ਤਿਆਗ ਹੀ ਨਹੀਂ ਕਰਦਾ ਸਗੋਂ ਅਤੀਤ ਪ੍ਰਸ਼ੰਸ਼ਾਭਾਵੀ ਰੁਚੀ ਦੀ ਥਾਂ ਸਮਕਾਲੀ ਸਮਾਜਕ-ਯਥਾਰਥ ਦੀਆਂ ਵਾਸਤਵਿਕ ਘਟਨਾਵਾਂ ਅਤੇ ਸਮੱਸਿਆਵਾਂ ਦੇ ਰੂ-ਬ-ਰੂ ਵੀ ਹੁੰਦਾ ਹੈ। ਇਉਂ ਨਾਨਕ ਸਿੰਘ ਦੀ ਪੰਜਾਬੀ ਨਾਵਲ ਵਿਚ ਇਸ ਪੱਖੋਂ ਵੀ ਪ੍ਰਾਪਤੀ ਬਣਦੀ ਹੈ ਕਿ ਉਸ ਦੇ ਨਾਵਲ 1925 ਈ. ਤੋਂ ਲੈ ਕੇ 1965 ਈ. ਤਕ ਦੇ ਪੰਜਾਬੀ ਸਮਾਜ ਦਾ ਦਸਤਾਵੇਜ਼ੀ ਮੁੱਲ ਵੀ ਰਖਦੇ ਹਨ।

ਨਾਨਕ ਸਿੰਘ ਦੇ ਨਾਵਲਾਂ ਵਿਚ ਜਿਥੇ ਸਾਡੇ ਸਮਾਜਿਕ ਜੀਵਨ ਦੀਆਂ ਦੂਜੀਆਂ ਸਮੱਸਿਆਂ ਉਨ੍ਹਾਂ ਦੀ ਰਚਨਾ-ਵਸਤੂ ਦਾ ਆਧਾਰ ਬਣਦੀਆਂ ਹਨ, ਉਥੇ ਸਾਡੇ ਸਮਾਜ ਵਿਚਲੀ ਵੇਸਵਾਗਮਨੀ ਦੀ ਸਮੱਸਿਆ ਵੀ ਉਸ ਦੇ ਨਾਵਲਾਂ ਦੀ ਰਚਨਾ-ਵਸਤੂ ਦੇ ਇਕ ਅਹਿਮ ਅੰਗ ਵਜੋਂ ਰੂਪਮਾਨ ਹੋਈ ਹੈ। ਵੇਸਵਾਚਾਰੀ ਇਕ ਅਜਿਹੀ ਸਮੱਸਿਆ ਹੈ ਜਿਹੜੀ ਮੁੱਢ ਤੋਂ ਹੀ

ਦੁਨੀਆਂ ਦੇ ਸਾਰੇ ਸਭਿਆ ਸਮਾਜਾਂ ਵਿਚ ਇਕ ਜਾਂ ਦੂਜੇ ਰੂਪ ਵਿਚ ਪ੍ਰਚਲਿਤ ਰਹੀ ਹੈ। ਨਾਨਕ ਸਿੰਘ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ ਜਿਸ ਨੇ ਆਪਣੇ ਨਾਵਲਾਂ ਵਿਚ ਇਸ ਸਮੱਸਿਆ ਦੇ ਵਾਸਤਵਿਕ ਤੇ ਵਿਸਤ੍ਰਿਤ ਗਲਪੀ ਚਿਤਰ ਇਸ ਤਰ੍ਹਾਂ ਪ੍ਰਸਤੁਤ ਕੀਤੇ ਹਨ ਜਿਹੜੇ ਵੇਸਵਾਚਾਰੀ ਦੇ ਵਤੀਰੇ ਅਤੇ ਵਰਤਾਰੇ ਪ੍ਰਤਿ ਪਾਠਕ ਨੂੰ ਬੇਚੈਨ ਵੀ ਕਰਦੇ ਹਨ ਅਤੇ ਵੇਸਵਾ ਪ੍ਰਤਿ ਹਮਦਰਦਰਾਨਾ ਸੋਚ ਦਾ ਸੰਚਾਰ ਵੀ। ਨਾਨਕ ਸਿੰਘ ਦੀ ਆਦਰਸ਼ਵਾਦੀ ਤੇ ਸੁਧਾਰਵਾਦੀ ਰਚਨਾ-ਦ੍ਰਿਸ਼ਟੀ ਭਾਵੇਂ ਇਸ ਸਮੱਸਿਆ ਦੇ ਸਮਾਧਾਨ ਲਈ ਨਿਜੀ ਜਾਇਦਾਦ ਦੀ ਮਾਲਕੀਅਤ ਤੇ ਉਸਰੇ ਵਰਗ-ਸਮਾਜ ਦੀ ਵਰਗ-ਵਿਵਸਥਾ ਦੇ ਖਾਤਮੇ ਦਾ ਗਲਪੀ-ਵਿਵੇਕ ਤਾਂ ਨਹੀਂ ਸਿਰ-ਜਦੀ, ਪਰੰਤੂ ਇਸ ਵਿਵਸਥਾ ਦੇ ਮਾੜੇ ਅੰਗਾਂ ਦਾ ਸੁਧਾਰ ਜਾਂ ਸੰਘਾਰ ਜ਼ਰੂਰ ਚਾਹੁੰਦੀ ਹੈ। ਇਉਂ ਨਾਨਕ ਸਿੰਘ ਦੀ ਮਾਨਵਵਾਦੀ ਸੋਚ'ਤੇ ਕੋਈ ਉਂਗਲ ਨਹੀਂ ਉਠਦੀ।

ਨਾਨਕ ਸਿੰਘ ਦੇ ਸਾਰੇ ਨਾਵਲਾਂ ਦਾ ਡੂੰਘੇਰਾ ਪਾਠ ਕਰਦਿਆਂ ਇਹ ਸਪਸ਼ਟ ਹੁੰਦਾ ਹੈ ਕਿ ਉਸ ਦੇ ਤਿੰਨ ਦਰਜਨ ਤੋਂ ਵੱਧ ਨਾਵਲਾਂ ਵਿਚੋ ਇਕ ਦਰਜਨ ਨਾਵਲਾਂ ਵਿਚ ਵੇਸਵਾ ਪਾਤਰ ਪੇਸ਼ ਹੋਏ ਹਨ। ਇਨ੍ਹਾਂ ਵਿਚੋਂ ਸਤ ਨਾਵਲ (ਚਿੱਟਾ ਲਹੂ, ਫੌਲਾਦੀ ਫੁੱਲ, ਕਾਗਤਾਂ ਦੀ ਬੇੜੀ, ਅਧ ਖਿੜਿਆ ਫੁੱਲ, ਧੁੰਦਲੇ ਪਰਛਾਵੇਂ, ਟੁੱਟੀ ਵੀਣਾ, ਗੰਗਾ ਜਲੀ ਵਿਚ ਸ਼ਰਾਬ) 1947 ਈ. ਤੋਂ ਪਹਿਲਾਂ ਲਿਖੇ ਗਏ ਹਨ ਅਤੇ ਤਿੰਨ ਨਾਵਲ (ਚਿਤਰਕਾਰ, ਕੱਟੀ ਹੋਈ ਪਤੰਗ, ਨਾਸੂਰ) 1947 ਈ. ਤੋਂ ਬਾਅਦ ਦੇ ਹਨ। ਪਰੰਤੂ ਉਸ ਦੇ ਨਾਵਲਾਂ ਵਿਚ ਵੇਸਵਾ ਸਮੱਸਿਆ ਦਾ ਵਿਸ਼ਾ ਹੁਣ ਤਕ ਹੋਈ ਖੋਜ ਵਿਚ ਉਪੇਖਿਅਤ ਹੀ ਰਿਹਾ ਹੈ। ਅਸੀਂ ਇਸ ਸਮੱਸਿਆ ਦੀ ਗੰਭੀਰਤਾ ਅਤੇ ਸਾਰਥਕਤਾ ਨੂੰ ਧਿਆਨ ਵਿਚ ਰਖਦੇ ਹੋਏ ਇਸ ਵਿਸ਼ੇ ਨੂੰ ਆਪਣੀ ਖੋਜ ਲਈ ਚੁਣਿਆ ਸੀ। ਉਸ ਦੇ ਨਾਵਲਾਂ ਵਿਚ ਪੇਸ਼ ਵੇਸਵਾਚਾਰੀ ਦੀ ਸਮੱਸਿਆ ਅਤੇ ਇਸ ਸਮੱਸਿਆ ਦੇ ਗਲਪੀ ਰੂਪਾਂਤ੍ਰਣ ਦੀ ਪ੍ਰਕਿਰਿਆ ਦੇ ਅਧਿਐਨ-ਵਿਸ਼ਲੇਸ਼ਣ ਤੇ ਮੁਲਾਂਕਣ ਲਈ ਅਸੀਂ ਜਿਥੇ ਸਮਾਜ-ਸ਼ਾਸਤਰੀ ਅਧਿਐਨ ਵਿਧੀ ਦੀ ਵਰਤੋਂ ਕੀਤੀ ਹੈ ਉਥੇ ਨਾਵਲ ਦੇ ਕਾਵਿ-ਸ਼ਾਸਤਰ ਨੂੰ ਵੀ ਅਖੋ ਪਰੋਖੇ ਨਹੀਂ ਕੀਤਾ। ਇਉਂ ਅਸੀਂ ਨਾਨਕ ਸਿੰਘ ਦੇ ਨਾਵਲਾਂ ਵਿਚ ਇਸ ਸਮੱਸਿਆ ਨਾਲ ਸੰਬੰਧਿਤ ਗਲਪੀ ਪੈਟਰਨਾਂ ਦੇ ਅਧਿਐਨ-ਵਿਸ਼ਲੇਸ਼ਣ ਨੂੰ ਸਮਾਜਿਕ-ਸਾਂਸਕ੍ਰਿਤਕ ਸੰਦਰਭਾ ਤਕ ਹੀ ਸੀਮਤ ਨਹੀਂ ਰਖਿਆ, ਸਗੋਂ ਇਨ੍ਹਾਂ ਦੇ ਸੰਰਚਨਾਤਮਕ ਪੈਟਰਨਾਂ ਨੂੰ ਸਮਾਜਕ-ਸਾਂਸ-ਕ੍ਰਿਤਕ ਸੰਦਰਭ ਵਿਚ ਸਮਝਣ ਅਤੇ ਉਨ੍ਹਾਂ ਦਾ ਮੁਲਾਂਕਣ ਪੇਸ਼ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ।

ਸ਼ੋਧ-ਪ੍ਰਬੰਧ ਨੂੰ ਨਿਯਮਬਧ ਰੂਪ ਵਿਚ ਹੇਠ ਲਿਖੇ ਪੰਜ ਅਧਿਆਵਾਂ ਵਿਚ ਪੇਸ਼ ਕੀਤਾ

ਗਿਆ ਹੈ:-

ਪਹਿਲੇ ਅਧਿਆਇ ਵਿਚ ਨਰ-ਨਾਰੀ ਸੰਬੰਧਾਂ ਦੇ ਪ੍ਰਾਕ੍ਰਿਤਕ, ਮਨੋਵਿਗਿਆਨਕ, ਸਮਾਜਕ-ਸਾਂਸਕ੍ਰਿਤਕ, ਆਰਥਿਕ ਤੇ ਧਾਰਮਿਕ ਆਧਾਰਾਂ ਦਾ ਅਧਿਐਨ, ਵਿਸ਼ਲੇਸ਼ਣ ਕਰਦੇ ਹੋਏ ਇਨ੍ਹਾਂ ਸੰਬੰਧਾਂ ਦੀ ਸਮਾਜਿਕ ਇਤਿਹਾਸ ਦੇ ਵਿਭਿੰਨ ਪੜਾਵਾਂ ਵਿਚਲੀ ਸਥਿਤੀ ਤੇ ਪ੍ਰਕਿਰਤੀ ਦਾ ਮੁਲਾਂਕਣ ਪੇਸ਼ ਕੀਤਾ ਗਿਆ ਹੈ।

ਦੂਜਾ ਅਧਿਆਇ ਵੇਸਵਾਚਾਰੀ ਦੇ ਸਿਧਾਂਤਕ ਤੇ ਇਤਿਹਾਸਕ ਸੰਦਰਭਾਂ ਨੂੰ ਪੇਸ਼ ਕਰਦਾ ਹੋਇਆ, ਵੇਸਵਾਦੀ ਪਰਿਭਾਸ਼ਾ, ਸਰੂਪ ਤੇ ਇਨ੍ਹਾਂ ਦੇ ਵਰਗੀਕਰਣ ਦੇ ਨਾਲ ਨਾਲ ਇਸ ਪੇਸ਼ੇ ਦੇ ਸਮਾਜੀਕਰਣ ਅਤੇ ਵਪਾਰੀਕਰਣ ਤੇ ਤੱਥਾਂ ਨੂੰ ਵੀ ਸਾਡੇ ਦ੍ਰਿਸ਼ਟੀਗੋਚਰ ਲਿਆਉਂਦਾ ਹੈ।

ਤੀਜੇ ਅਧਿਆਇ ਵਿਚ ਨਾਨਕ ਸਿੰਘ ਦੇ ਨਾਵਲਾਂ ਵਿਚ ਪੇਸ਼ ਵੇਸਵਾਚਾਰੀ ਦੀ ਸਮੱਸਿਆ ਨੂੰ ਉਸ ਦੇ ਨਾਵਲਾਂ ਦੀ ਰਚਨਾ-ਵਸਤੂ ਦੇ ਇਕ ਭਰਵੇਂ ਅੰਗ ਵਜੋਂ ਤਲਾਸ਼ਣ ਦਾ ਯਤਨ ਕੀਤਾ ਗਿਆ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਵੇਸਵਾ ਦੇ ਵਿਭਿੰਨ ਰੂਪਾਂ, ਕਾਰਨਾਂ ਅਤੇ ਇਨ੍ਹਾਂ ਦੀ ਸਮਾਜਿਕ ਆਰਥਿਕ ਸਥਿਤੀ ਦਾ ਡੂੰਘੇਰਾ ਤੇ ਵਿਸਤ੍ਰਿਤ ਅਧਿਐਨ-ਵਿਸ਼ਲੇਸ਼ਣ ਤੇ ਮੁਲਾਂਕਣ ਇਸ ਅਧਿਆਇ ਵਿਚ ਸ਼ਾਮਲ ਹੈ।

ਚੌਥੇ ਅਧਿਆਇ ਵਿਚ ਨਾਨਕ ਸਿੰਘ ਦੇ ਨਾਵਲਾਂ ਵਿਚ ਵੇਸਵਾ ਦੀ ਸਮੱਸਿਆ ਨੂੰ ਉਸ ਦੀ ਰਚਨਾ-ਵਿਧੀ ਦੇ ਸੰਦਰਭ ਵਿਚ ਸਮਝ ਕੇ ਉਸ ਦਾ ਮੁਲਾਂਕਣ ਪੇਸ਼ ਕੀਤਾ ਗਿਆ ਹੈ।

ਪੰਜਵੇਂ ਅਧਿਆਇ ਵਿਚ ਨਾਨਕ ਸਿੰਘ ਦੀ ਰਚਨਾ-ਦ੍ਰਿਸ਼ਟੀ ਦੇ ਮੁਖ ਪੱਖਾਂ ਜਿਨ੍ਹਾਂ ਵਿਚ ਸਮੱਸਿਆ ਪ੍ਰਤਿ ਮੱਧ-ਵਰਗੀ ਦ੍ਰਿਸ਼ਟੀ (ਸੁਧਾਰਵਾਦੀ), ਸਥਿਤੀ ਸੁਧਾਰ ਦੀ ਥਾਂ ਵਿਅਕਤੀ ਸੁਧਾਰ ਤੇ ਜ਼ੋਰ (ਆਦਰਸ਼ਵਾਦੀ) ਅਤੇ ਇਸ ਰਚਨਾ-ਦ੍ਰਿਸ਼ਟੀ ਦੀਆਂ ਕਮਜ਼ੋਰੀਆਂ ਆਦਿ ਨਾਲ ਸੰਬਾਦ ਰਚਾ ਕੇ ਉਸ ਦੀ ਪ੍ਰਮੁਖ ਰਚਨਾ-ਦ੍ਰਿਸ਼ਟੀ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ।

ਸਾਰ ਤੇ ਸਥਾਪਨਾਵਾਂ ਵਾਲੇ ਭਾਗ ਵਿਚ ਅਸੀਂ ਆਪਣੇ ਸਮੁੱਚੇ ਅਧਿਐਨ-ਵਿਸ਼ਲੇਸਣ ਨੂੰ ਨਿਸ਼ਕਰਸ਼ ਰੂਪ ਵਿਚ ਪੇਸ਼ ਕੀਤਾ ਹੈ।

ਖੋਜ ਦੀ ਇਸ ਲੰਮੀ ਤੇ ਦੁਰਗਮ ਯਾਤਰਾ ਵਿਚ ਜਿਸ ਤਰ੍ਹਾਂ ਦੀ ਬੌਧਿਕ ਤੇ ਵਿਦਵਤਾਪੂਰਨ ਅਗਵਾਈ ਮੇਰੇ ਵਿਦਵਾਨ ਨਿਗਰਾਨ ਡਾ. ਓਮ ਪ੍ਰਕਾਸ ਵਸਿਸ਼ਟ ਜੀ,

ਚੇਅਰਮੈਨ, ਪੰਜਾਬੀ ਅਧਿਐਨ ਸਕੂਲ ਨੇ ਕੀਤੀ ਹੈ, ਉਸ ਲਈ ਮੈਂ ਉਨ੍ਹਾਂ ਦੀ ਤਹਿ ਦਿਲੋਂ ਸ਼ੁਕਰ ਗੁਜ਼ਾਰ ਹੈ।

ਡਾ.ਸੁਰਿੰਦਰ ਕੁਮਾਰ ਦਵੇਸ਼ਵਰ ਜੀ ਦੀ ਵੀ ਮੈਂ ਵਿਸ਼ੇਸ਼ ਤੌਰ'ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਵਿਸ਼ੇ ਸੰਬੰਧੀ ਵਿਚਾਰ-ਵਟਾਂਦਰੇ ਲਈ ਆਪਣਾ ਕੀਮਤੀ ਸਮਾਂ ਮੇਰੇ ਲਈ ਹਮੇਸ਼ਾ ਖੁਲ੍ਹਾ ਰੱਖਿਆ ਹੈ।

ਸ੍ਰ.ਹਰਜੀਤ ਸਿੰਘ ਪਰਮਾਰ, ਪ੍ਰਧਾਨ ਮਨੇਜਿੰਗ ਕਮੇਟੀ,ਗੁਰੂ ਨਾਨਕ ਨਭ-ਭਾਰਤ ਕਾਲਜ, ਨਰੂੜ ਪਾਂਸ਼ਟਾ ਦੀ ਵੀ ਹਮੇਸ਼ਾ ਰਿਣੀ ਰਹਾਂਗੀ ਜਿਨ੍ਹਾਂ ਦਾ ਹੌਸਲਾ ਤੇ ਹੱਲਾਸ਼ੇਰੀ ਮੇਰੀ ਤਾਕਤ ਬਣਿਆ।

ਆਪਣੇ ਮਾਤਾ-ਪਿਤਾ ਦਾ ਧੰਨਵਾਦ ਕਿਨ੍ਹਾਂ ਸ਼ਬਦਾਂ ਵਿਚ ਕਰਾਂ ! ਉਹ ਤਾਂ ਹਮੇਸ਼ਾ ਹੀ ਮੇਰੇ ਪਿਆਰ, ਸਤਿਕਾਰ ਤੇ ਧੰਨਵਾਦ ਦੇ ਪਾਤਰ ਹਨ। ਮੈਂ ਅੱਜ ਜੋ ਵੀ ਹਾਂ ਓਨਾ ਦੀ ਬਦੌਲਤ ਹੀ ਹਾਂ।

ਅੰਤ ਵਿਚ ਮੈਂ ਸ੍ਰ. ਕੇਸਰ ਸਿੰਘ ਜੀ ਦਾ ਧੰਨਵਾਦ ਕਰਨਾ ਵੀ ਆਪਣਾ ਫ਼ਰਜ਼ ਸਮਝਦੀ ਹਾਂ, ਜਿਨ੍ਹਾਂ ਨੇ ਆਪਣੇ ਹੁਨਰ ਰਾਹੀਂ ਇਸ ਸ਼ੋਧ-ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਟਾਈਪ ਕਰਕੇ ਕਲਾਤਮਿਕ ਦਿੱਖ ਪ੍ਰਦਾਨ ਕੀਤੀ ਹੈ

ਰਾਜਬੀਰ ਕੌਰ

( ਰਾਜਬੀਰ ਕੌਰ )